# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.) ਪੰਜਾਬ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ(ਪਿਕਟਸ)
### ਪੰਜਵੀਂ ਮੰਜਿਲ, ਬਲਾਕ- ਈ, ਵਿੱਦਿਆ ਭਵਨ, ਫੇਜ਼-8, ਮੋਹਾਲੀ
ਫੋਨ ਨੰ:0172-5212319/ ਫੈਕਸ ਨੰ:0172-5212313, E-mail: icttech@punjabeducation.gov.in

ਵੱਲ

1 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ/ਐ.ਸਿੱ),
2 ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ),
3 ਸਮੂਹ ਬਲਾਕ ਸਿੱਖਿਆ ਅਫ਼ਸਰ,
ਪੰਜਾਬ।

ਮੀਮੋ ਨੰ:-3/40-ICT/HW/2018-19/Biometric/20201013
ਮਿਤੀ :- 01.01.20

**ਵਿਸ਼ਾ – ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਹੋਰ ਸਟਾਫ ਦੀ Online Attendance ਸਬੰਧੀ।**

1 ਉਕਤ ਵਿਸ਼ੇ ਸਬੰਧੀ ਆਪ ਨੂੰ ਦੱਸਿਆ ਜਾਂਦਾ ਹੈ ਕਿ ਰਾਜ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਵਿੱਚ Biometric Attendance system ਲਾਗੂ ਕੀਤਾ ਜਾ ਰਿਹਾ ਹੈ, ਜਿਸ ਦੇ ਮੱਦੇਨਜਰ ਸਿੱਖਿਆ ਵਿਭਾਗ ਵੱਲੋਂ ਵੀ ਸਰਕਾਰੀ ਸਕੂਲਾਂ ਵਿਖੇ ਅਧਿਆਪਕਾਂ ਅਤੇ ਹੋਰ ਸਟਾਫ ਦੀ Online Attendance ਲਈ Biometric Attendance Scanners ਦੀ ਸਪਲਾਈ ਕੀਤੀ ਜਾ ਰਹੀ ਹੈ।

2 ਇਨ੍ਹਾਂ ਮਸ਼ੀਨਾਂ ਦੀ ਈ-ਪੰਜਾਬ ਪੋਰਟਲ ਤੇ registration District MIS Coordinators ਵੱਲੋਂ ਕੀਤੀ ਜਾਵੇਗੀ। Registration ਉਪਰੰਤ ਮਸ਼ੀਨਾਂ ਬਲਾਕ ਦਫ਼ਤਰ ਨੂੰ ਦਿੱਤੀਆਂ ਜਾਣਗੀਆਂ। ਬਲਾਕ ਅਫ਼ਸਰ ਆਪਣੇ ਦਫ਼ਤਰ ਦੇ MIS Coordinator and Data Entry Operator ਦੀ ਡਿਊਟੀ ਲਗਾਉਣਗੇ ਕਿ ਉਹ ਸਕੂਲਾਂ ਵਿਖੇ ਜਾ ਕੇ ਮਸ਼ੀਨਾਂ ਦੀ ਇੰਸਟਾਲੇਸ਼ਨ ਕਰਨਗੇ ਅਤੇ ਸਟਾਫ ਨੂੰ ਲੋੜੀਂਦੀ ਟ੍ਰੇਨਿੰਗ ਵੀ ਦੇਣਗੇ।

3 ਮਸ਼ੀਨਾਂ ਪ੍ਰਾਪਤ ਹੋਣ ਉਪਰੰਤ ਬਲਾਕ ਸਿੱਖਿਆ ਅਫ਼ਸਰ ਵੱਲੋਂ ਕੰਪਨੀ ਦੀ delivery report ਤਸਦੀਕ ਕਰਦੇ ਹੋਏ delivery ਦੀ ਮਿਤੀ ਸਾਫ-ਸਾਫ ਦਰਜ ਕੀਤੀ ਜਾਵੇ ਅਤੇ ਇਸਦੀ ਇੱਕ ਕਾਪੀ ਬਲਾਕ ਦਫ਼ਤਰ ਦੇ ਰਿਕਾਰਡ ਵਿੱਚ ਰੱਖਣੀ ਯਕੀਨੀ ਬਣਾਈ ਜਾਵੇ।

4 ਬਲਾਕ ਸਿੱਖਿਆ ਅਫ਼ਸਰ ਪ੍ਰਾਪਤ ਹੋਈਆਂ ਮਸ਼ੀਨਾਂ ਦੀ ਜਾਣਕਾਰੀ ਈ-ਪੰਜਾਬ ਪੋਰਟਲ ਤੇ ਭਰਨਗੇ।

5 ਸਭ ਤੋਂ ਪਹਿਲਾਂ ਮਸ਼ੀਨਾਂ ਪ੍ਰਾਇਮਰੀ ਸਕੂਲਾਂ ਨੂੰ ਦਿੱਤੀਆਂ ਜਾਣ ਅਤੇ ਇਸ ਉਪੰਰਤ ਮਿਡਲ, ਹਾਈ ਅਤੇ ਸਕੈਂਡਰੀ ਸਕੂਲ ਕਵਰ ਕੀਤੇ ਜਾਣ।

6 ਸਕੂਲਾਂ ਦੇ ਨੁਮਾਇੰਦੇ ਨੂੰ ਮਸ਼ੀਨ ਚਲਾ ਕੇ ਤਸੱਲੀ ਕਰਵਾਉਣ ਉਪਰੰਤ ਹੀ ਦਿੱਤੀ ਜਾਵੇ ਅਤੇ ਸਕੂਲ ਵੱਲੋਂ ਪਹਿਲੇ ਦਿਨ ਤੋਂ ਹੀ Online ਹਾਜ਼ਰੀ ਲਗਾਉਣੀ ਯਕੀਨੀ ਬਣਾਈ ਜਾਵੇ।

7 ਸਕੂਲ ਪੱਧਰ ਤੇ ਮਸ਼ੀਨ ਦੀ ਸਟਾਕ ਐਂਟਰੀ ਯਕੀਨੀ ਬਣਾਈ ਜਾਵੇ।

8 ਕੰਪਨੀ ਵੱਲੋਂ ਮਸ਼ੀਨ 4 ਸਾਲ ਦੀ ਵਾਰੰਟੀ ਨਾਲ ਦਿੱਤੀ ਜਾ ਰਹੀ ਹੈ ਪ੍ਰੰਤੂ ਮਸ਼ੀਨ ਗੁੰਮ ਹੋਣ, ਟੁੱਟਣ ਜਾਂ ਜਾਣ ਬੁੱਝ ਕੇ ਮਸ਼ੀਨ ਨਾਲ ਛੇੜ-ਛਾੜ ਹੋਣ ਤੇ ਸਕੂਲ ਮੁਖੀ ਆਪਣੇ ਪੱਧਰ ਤੇ ਮਸ਼ੀਨ ਦੀ ਖ੍ਰੀਦ ਕਰੇਗਾ।

9 ਮਸ਼ੀਨ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਆਉਣ ਤੇ ਬਲਾਕ ਐਮ.ਆਈ.ਐਸ. ਕੁਆਰਡੀਨੇਟਰ ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ ਅਤੇ ਮੁੱਖ ਦਫ਼ਤਰ ਨਾਲ ਸੰਪਰਕ ਕਰਕੇ ਮਸ਼ੀਨ ਨੂੰ ਬਦਲਾਵੇਗਾ।

10 ਸਰਕਲ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ ਆਪਣੇ-ਆਪਣੇ ਸਰਕਲ ਅਧੀਨ ਪੈਂਦੇ ਜਿਲ੍ਹਿਆਂ ਦੀ ਇੰਸਟਾਲੇਸ਼ਨ ਸਬੰਧੀ ਜਿਲ੍ਹਾ ਅਤੇ ਬਲਾਕ ਐਮ.ਆਈ.ਐਸ. ਕੁਆਰਡੀਨੇਟਰ ਨਾਲ ਮਿਲ ਕੇ ਮੋਨੀਟਰਿੰਗ ਕਰਨਗੇ।

11 ਬਲਾਕ ਸਿੱਖਿਆ ਅਫ਼ਸਰਾਂ ਨੂੰ ਸਕੂਲਾਂ ਵੱਲੋਂ ਲਗਾਈ ਜਾਣ ਵਾਲੀ Online Attendance ਦੀ monitoring ਈ-ਪੰਜਾਬ ਪੋਰਟਲ ਰਾਹੀਂ ਕਰਨ ਲਈ ਇੱਕ User ID ਅਤੇ Password ਦਿੱਤਾ ਜਾਵੇਗਾ।

12 ਬਲਾਕ ਸਿੱਖਿਆ ਅਫ਼ਸਰ ਆਪਣੇ ਬਲਾਕ ਵਿੱਚ 100% Online Attendance ਲਈ ਜਿੰਮੇਵਾਰ ਹੋਵੇਗਾ।

13 ਜਿਲ੍ਹਾ ਸਿੱਖਿਆ ਅਫ਼ਸਰਾਂ(ਐ.ਸਿੱ. ਅਤੇ ਸੈ.ਸਿੱ) ਅਤੇ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰਾਂ ਨੂੰ ਵੀ ਲਿਖਿਆ ਜਾਂਦਾ ਹੈ ਕਿ ਉਹ ਵੀ ਆਪਣੇ-ਆਪਣੇ ਜਿਲ੍ਹੇ ਵਿੱਚ 100% Online Attendance ਨੂੰ ਯਕੀਨੀ ਬਣਾਉਣ ਲਈ ਸਮੇਂ-ਸਮੇਂ ਤੇ ਪ੍ਰੋਜੈਕਟ ਨੂੰ review ਕਰਨਗੇ ਅਤੇ ਸਬੰਧਤਾਂ ਨੂੰ ਲੋੜੀਂਦੀਆਂ ਹਦਾਇਤਾਂ ਜ਼ਾਰੀ ਕਰਨਗੇ।

14 ਸਕੂਲਾਂ ਵਿਖੇ ਸਟਾਫ ਦੀ ਹਾਜ਼ਰੀ ਸਿਰਫ਼ Biometric Attendance System ਰਾਹੀਂ ਹੀ ਲੱਗੇਗੀ ਅਤੇ ਮਿਤੀ 01.04.2020 ਤੋਂ ਸਕੂਲਾਂ ਵਿਖੇ ਹਾਜ਼ਰੀ ਲਈ ਕੋਈ ਰਜਿਸਟਰ ਨਾ ਲਗਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)**
**ਪੰਜਾਬ**

ਪਿੰ:ਅੰ:ਨੰ:- ਉਕਤ ਮਿਤੀ: 01.01.20

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿਤ:-

1 ਡੀ.ਪੀ.ਆਈ (ਐ.ਸਿੱ)।
2 ਡਿਪਟੀ ਐਸ.ਪੀ.ਡੀ.,Media Cell.
3 ਡਿਪਟੀ ਮੈਨੇਜਰ (ਐਮ.ਆਈ.ਐਸ.), ਮੁੱਖ ਦਫ਼ਤਰ
4 ਸਮੂਹ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ।

-ਸਹੀ-

**ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)**
**ਪੰਜਾਬ**